Aayushi International Interdisciplinary Research Journal (AIIRJ)
UGC Approved Sr.No.64259

| Vol - V | Issue-III | MARCH | 2018 | ISSN 2349-638x | Impact Factor 4.574 |
|---|---|---|---|---|---|

# ਧਰਮ ਅਤੇ ਮਨੁੱਖੀ ਜੀਵਨ ਦਾ ਮਨੋਰਥ

Dharam Ate Manukhi Jivan Da Manorath

**ਅੰਮ੍ਰਿਤ ਕੌਰ**
ਸਹਾਇਕ ਪ੍ਰੋਫੈਸਰ
ਪੰਜਾਬੀ ਵਿਭਾਗ
ਗੋਪੀਚੰਦ ਆਰਯਾ ਮਹਿਲਾ ਕਾਲਜ ਅਬੋਹਰ

ਸਭ ਤੋਂ ਪਹਿਲਾਂ ਇਹ ਗੱਲ ਸਮਝ ਲੈਣੀ ਜਰੂਰੀ ਹੈ ਕਿ ਜੀਵਨ ਨੂੰ ਜੋ ਨਿਸ਼ਾਨਾ ਮੰਨ ਲੈਂਦਾ ਹੈ, ਉਹ ਭਟਕ ਜਾਂਦਾ ਹੈ । ਜੀਵਨ ਕੇਵਲ ਇਕ ਮੌਕਾ ਹੈ, ਨਿਸ਼ਾਨਾ ਨਹੀਂ, ਮਾਰਗ ਹੈ, ਮੰਜ਼ਿਲ ਨਹੀਂ । ਜੇ ਕਿਤੇ ਪਹੁੰਚਣਾ ਹੈ, ਜਿਉਂਦੇ ਹੋਣ ਨਾਲ ਹੀ ਨਾ ਸਮਝ ਲੈਣਾ ਕਿ ਪਹੁੰਚ ਗਏ।ਜੀਵਨ ਕੋਈ ਸਿੱਧੀ ਨਹੀਂ ਹੈ, ਕੇਵਲ ਇਕ ਪ੍ਰਕ੍ਰਿਆ ਹੈ, ਉਸ ਵਿਚੋਂ ਠੀਕ ਤਰ੍ਹਾਂ ਲੰਘੇ ਤਾਂ ਪਹੁੰਚ ਜਾਵਾਂਗੇ, ਨਹੀਂ ਤਾਂ ਭਟਕ ਜਾਵਾਂਗੇ ।

ਜੀਵਨ ਨੂੰ ਹੀ ਜਿਹੜਾ ਸਭ ਕੁਝ ਮੰਨ ਲੈਂਦਾ ਹੈ, ਉਹ ਹੀ ਨਾਸਤਿਕ ਹੈ ਅਤੇ ਜੀਵਨ ਤੋਂ ਪਾਰ ਪਹੁੰਚਣ ਦੀ ਜਿਸ ਕੋਲ ਕੋਈ ਮੰਜ਼ਿਲ ਹੈ, ਉਹ ਵੀ ਆਸਤਿਕ ਹੈ, ਆਸਤਿਕ ਲਈ ਜੀਵਨ ਵਿਚ ਪੜਾਉ ਹੈ । ਕਹਿੰਦੇ ਹਨ "ਧਰਮਸ਼ਾਲਾ", ਉੱਥੇ ਰੁਕਣਾ ਹੈ ਕੁਝ ਦੇਰ । ਪਰ ਸਦਾ ਲਈ ਉਸ ਨੂੰ ਘਰ ਨਹੀਂ ਬਣਾ ਲੈਣਾ ਚਾਹੀਦਾ । ਜਿਸ ਨੇ ਉਸ ਨੂੰ ਹੀ ਘਰ ਬਣਾ ਲਿਆ, ਉਹ ਅਸਲੀ ਘਰ ਤੋਂ ਵਾਂਝਿਆ ਰਹਿ ਜਾਵੇਗਾ । ਤੁਰੇ ਸੀ ਕੁਝ ਪਾਉਣ ਲਈ, ਰਾਹ ਵਿਚ ਹੀ ਘਰ ਸਮਝ ਲਿਆ, ਤਾਂ ਫਿਰ ਮੰਜ਼ਿਲ ਤੱਕ ਕਿਵੇਂ ਪਹੁੰਚਾਂਗੇ?

ਸੰਸਾਰ ਘਰ ਨਹੀਂ ਹੈ ਅਤੇ ਜਿਨ੍ਹਾਂ ਨੇ ਸੰਸਾਰ ਨੂੰ ਘਰ ਬਣਾ ਲਿਆ, ਉਨ੍ਹਾਂ ਨੂੰ ਹੀ ਅਸੀਂ ਗ੍ਰਹਿਸਥ ਕਹਿੰਦੇ ਹਾਂ । ਗ੍ਰਹਿਸਥੀ ਦਾ ਅਰਥ ਇਹ ਨਹੀਂ ਕਿ ਤੁਸੀ ਘਰ ਵਿਚ ਰਹਿੰਦੇ ਹੋ । ਗ੍ਰਹਿਸਥ ਦਾ ਅਰਥ ਹੈ ਕਿ ਸੰਸਾਰ ਨੂੰ ਘਰ ਬਣਾ ਲਿਆ ।

ਸੰਨਿਆਸੀ ਦਾ ਅਰਥ ਹੈ ਕਿ ਸੰਸਾਰ ਧਰਮਸ਼ਾਲਾ ਹੈ, ਘਰ ਨਹੀ । ਰਹਿੰਦਾ ਤਾਂ ਉਹ ਵੀ ਉੱਥੇ ਹੀ ਹੈ, ਜਾਏਗਾ ਕਿੱਥੇ? ਰਹਿਣਾ ਤਾਂ ਘਰ ਵਿਚ ਹੀ ਪਏਗਾ, ਪਰ ਘਰ ਨੂੰ ਵੇਖਣ ਦਾ ਤਰੀਕਾ ਬਦਲ ਜਾਂਦਾ ਹੈ । ਅਸੀਂ ਘਰ ਨੂੰ ਸਮਝਦੇ ਹਾਂ, ਇਹ ਹੀ ਮੰਜ਼ਿਲ ਹੈ ਅਤੇ ਅਸੀਂ ਆਪਣੀ ਮੰਜਿਲ ਤੇ ਪਹੁੰਚ ਗਏ । ਪਰ ਸੰਨਿਆਸੀ ਸਮਝਦਾ ਹੈ, ਇਹ ਮੰਜਿਲ ਹੈ, ਕਿਤੇ ਹੋਰ ਜਾਣਾ ਹੈ ਅਤੇ ਉਹ ਆਪਣੀ ਮੰਜਿਲ ਨੂੰ ਭੁੱਲਦਾ ਨਹੀਂ । ਉਹ ਕਿਤੇ ਵੀ ਰੁਕੇ, ਹਜਾਰਾਂ ਧਰਮਸ਼ਾਲਾਵਾਂ ਵਿਚ ਰੁਕਣਾ ਪਏ ਤਾਂ ਵੀ ਮੰਜਿਲ ਨੂੰ ਯਾਦ ਰੱਖਦਾ ਹੈ, ਇਹੋ ਹੀ 'ਸੁਰਤਿ' ਹੈ । ਇਸ ਯਾਦ ਨੂੰ ਜਿਸ ਨੇ ਰੱਖਿਆ, ਉਹ ਸਾਰੀਆਂ ਧਰਮਸ਼ਾਲਾਵਾਂ ਵਿਚ ਰੁਕੇਗਾ ਅਤੇ ਪਾਰ ਹੁੰਦਾ ਜਾਵੇਗਾ । ਕੋਈ ਧਰਮਸ਼ਾਲਾ ਉਸਨੂੰ ਫੜ ਨਹੀਂ ਸਕੇਗੀ । ਰਹੇਗਾ ਸੰਸਾਰ ਵਿਚ ਪਰ ਸੰਸਾਰ ਤੋਂ ਬਾਹਰ ਰਹੇਗਾ।

ਬਹੁਤ ਲੋਕ, ਕਰੋੜਾਂ ਵਿਚੋਂ ਇਕ ਅੱਧੇ ਨੂੰ ਛੱਡ ਕੇ ਸਮਝਦੇ ਹਨ ਕਿ ਜੋ ਮਿਲਿਆ ਹੈ, ਇਹ ਹੀ ਅੰਤ ਹੈ । ਪਰ ਅਸਲ ਵਿਚ ਜੋ ਮਿਲਿਆ ਹੈ ਇਹ ਤਾਂ ਆਰੰਭ ਵੀ ਨਹੀਂ ਹੈ । ਇਹ ਤਾਂ ਭਵਨ ਦੀਆਂ ਪੌੜੀਆਂ ਵੀ ਨਹੀਂ ਹਨ । ਅਸੀਂ ਤਾਂ ਮਾਰਗ 'ਤੇ ਹਾਂ । ਜਿਸ ਦੇ ਜੀਵਨ ਵਿੱਚ ਪੌੜੀਆਂ ਆ ਗਈਆਂ, ਧਰਮ ਆ ਗਿਆ । ਜਿਹੜਾ ਮਾਰਗ ਉੱਤੇ ਹੈ, ਉਹ ਸੰਸਾਰੀ ਹੈ । ਜਿਸ ਦੇ ਜੀਵਨ ਵਿਚ ਪੌੜੀਆਂ ਆ ਗਈਆਂ ਉਹ ਸਾਧਕ ਅਤੇ ਜਿਹੜਾ ਭਵਨ ਦੇ ਵਿੱਚ ਇਜ਼ੱਤਦਾਰ ਹੋ ਗਿਆ, ਉਹ ਸਿੱਧ ਹੈ । ਸਾਡੇ ਜੀਵਨ ਵਿਚ ਅਜੇ ਪੌੜੀਆਂ ਵੀ ਨਹੀਂ ਆਈਆਂ ਹਨ । ਇਸ ਭਰਮ ਦਾ ਡੂੰਘੇ ਤੋਂ ਡੂੰਘਾ ਕਾਰਨ ਇਹ ਹੈ ਕਿ ਸਾਨੂੰ ਜੋ ਮਿਲ ਗਿਆ ਹੈ, ਅਸੀਂ ਉਸਦੇ ਨਾਲ ਸੰਤੁਸ਼ਟ ਹੋ ਗਏ ਹਾਂ । ਧਾਰਮਿਕ ਆਦਮੀ ਇਕ ਅਰਥ ਵਿਚ ਤਾਂ ਬਿਲਕੁਲ ਸੰਤੁਸ਼ਟ ਹੁੰਦਾ ਹੈ ਅਤੇ ਦੂਜੇ ਅਰਥ ਵਿਚ ਉਸ ਤੋਂ ਬਹੁਤਾ

Vol - V | Issue-III | MARCH | 2018 | ISSN 2349-638x | Impact Factor 4.574

ਅਸੰਤੁਸ਼ਟ ਆਦਮੀ ਲੱਭਣਾ ਮੁਸ਼ਕਿਲ ਹੈ । ਉਹ ਸੰਤੁਸ਼ਟ ਹੁੰਦਾ ਹੈ ਇਸ ਅਰਥ ਵਿਚ ਕਿ ਪਰਮਾਤਮਾ ਨਾਲ ਉਸਦੀ ਕੋਈ ਸ਼ਿਕਾਇਤ ਨਹੀਂ ਅਤੇ ਅਸੰਤੁਸ਼ਟ ਹੁੰਦਾ ਹੈ ਕਿ ਆਪਣੇ ਆਪ ਨਾਲ ਉਸ ਨੂੰ ਬਹੁਤ ਸ਼ਿਕਾਇਤ ਹੈ ।

ਅਧਾਰਮਿਕ ਆਦਮੀ ਦੀ ਪਰਮਾਤਮਾ ਨਾਲ ਤਾਂ ਸ਼ਿਕਾਇਤ ਹੁੰਦੀ ਹੈ- ਤੂੰ ਇਹ ਨਹੀਂ ਕੀਤਾ, ਤੂੰ ਉਹ ਨਹੀਂ ਕੀਤਾ । ਆਪਣੇ ਆਪ ਨਾਲ ਕੋਈ ਸ਼ਿਕਾਇਤ ਨਹੀਂ ਹੁੰਦੀ । ਆਪਣੇ ਆਪ ਨਾਲ ਅਧਾਰਮਿਕ ਆਦਮੀ ਸੰਤੁਸ਼ਟ ਹੁੰਦਾ ਹੈ । ਜੇਕਰ ਅਸੀਂ ਆਪਣੇ ਆਪ ਨਾਲ ਸੰਤੁਸ਼ਟ ਹਾਂ ਤਾਂ ਵਿਕਸਿਤ ਕਿਵੇ ਹੋਵਾਂਗੇ? ਵਧਾਂਗੇ ਕਿਵੇਂ? ਆਕਾਸ਼ ਨੂੰ ਛੂਹਣ ਦੇ ਲਈ ਖੰਭ ਕਿਵੇਂ ਖੋਲ੍ਹਾਂਗੇ? ਅਸੀਂ ਆਪਣੇ ਆਲ੍ਹਣੇ ਵਿਚ ਹੀ ਕੈਦ ਹੋ ਕੇ ਮਰ ਜਾਵਾਂਗੇ ।

ਪਰਮਾਤਮਾ ਕੋਲੋਂ ਤਾਂ ਸੰਤੋਖ ਚਾਹੀਦਾ ਹੈ, ਆਪਣੇ ਆਪ ਤੋਂ ਅਸੰਤੋਖ ਹਾਂ । ਹਾਲਤ ਉਲਟੀ ਹੈ। ਆਪਣੇ ਆਪ ਤੋਂ ਤਾਂ ਅਸੀਂ ਸੰਤੁਸ਼ਟ ਹਾਂ । ਪਰਮਾਤਮਾ ਨਾਲ ਅਸੰਤੋਖ
ਹੈ। ਸਾਰੇ ਜਗਤ ਲਈ ਸਾਡਾ ਅੰਸਤੋਖ ਹੈ । ਕੁਝ ਵੀ ਠੀਕ ਨਹੀਂ ਜਾਪਦਾ, ਸਿਰਫ ਅਸੀਂ ਠੀਕ ਜਾਪਦੇ ਹਾਂ ਅਤੇ ਉਹ ਹੀ ਠੀਕ ਨਹੀਂ ਹੈ, ਬਾਕੀ ਸਭ ਠੀਕ ਹੈ । ਧਾਰਮਿਕ ਆਦਮੀ ਵਿੱਚ ਡੂੰਘਾ ਅਸੰਤੋਖ ਹੈ, ਆਪਣੇ ਲਈ ਕਿ ਮੈ ਜਿਹੋ ਜਿਹਾ ਹਾਂ ਪਰਮਾਤਮਾ ਦੇ ਲਾਇਕ ਨਹੀਂ ਹਾਂ । ਆਪਣੇ ਆਪ ਨੂੰ ਇਸ ਲਾਇਕ ਬਣਾਉਂਣਾ ਹੈ ਕਿ ਪਰਮਾਤਮਾ ਮਹਿਮਾਨ ਬਣਨ ਨੂੰ ਰਾਜ਼ੀ ਹੋ ਜਾਏ । ਆਪਣੇ ਹਿਰਦੇ ਵਿਚ ਉਸ ਦੇ ਲਾਇਕ ਸਿੰਘਾਸਣ ਬਣਾਉਣਾ ਹੈ ।

ਧਾਰਮਿਕ ਆਦਮੀ ਆਪਣੇ-ਆਪ ਤੋਂ ਅਸੰਤੁਸ਼ਟ ਹੁੰਦਾ ਹੈ । ਇਸ ਲਈ ਇਕ ਦਿਨ ਅਜਿਹੀ ਘੜੀ ਆਉਂਦੀ ਹੈ ਕਿ ਉਹ ਆਪਣੇ ਆਪ ਨੂੰ ਵਧਾਉਂਦਾ-ਵਧਾਉਂਦਾ, ਨਿਖਾਰਦਾ-ਨਿਖਾਰਦਾ ਸੋਨੇ ਦਾ ਸਿੰਘਾਸਣ ਬਣ ਜਾਂਦਾ ਹੈ । ਉਹ ਪਰਮਾਤਮਾ ਦੇ ਵਿਰਾਜਮਾਨ ਹੋਣ ਦੇ ਯੋਗ ਹੋ ਜਾਂਦਾ ਹੈ । ਉਸਦੇ ਦੁਆਰ ’ਤੇ ਪਰਮਾਤਮਾ ਅੱਜ ਨਹੀਂ ਤਾਂ ਕੱਲ ਦਸਤਕ ਦਿੰਦਾ ਹੈ । ਇਕ ਪਲ ਦੀ ਦੇਰ ਵੀ ਨਹੀਂ ਹੋਏਗੀ, ਜਿਸ ਪਲ ਤੁਸੀ ਤਿਆਰ ਹੋ, ਉਸੇ ਪਲ ਤੁਹਾਡੇ ਦਰਵਾਜ਼ੇ ’ਤੇ ਦਸਤਕ ਪੈ ਜਾਏਗੀ । ਦੇਰ ਉਦੋਂ ਤੱਕ ਹੈ ਜਦੋਂ ਤੱਕ ਤੁਸੀਂ ਤਿਆਰ ਨਹੀਂ ਹੋ । ਤਿਆਰੀ ਦਾ ਅਰਥ ਹੈ, ਬਦਲਾਉ। ਤੁਹਾਨੂੰ ਆਪਣੇ ਆਪ ਨੂੰ ਬਹੁਤ ਰੂਪਾਂ ਵਿਚ ਬਦਲਣਾ ਪਵੇਗਾ । ਜੇਕਰ ਤੁਸੀਂ ਗੌਰ ਨਾਲ ਆਪਣੇ ਆਪ ਨੂੰ ਵੇਖੋਗੇ ਤਾਂ ਤੁਸੀ ਖੁਦ ਹੀ ਜਾਣ ਜਾਓਗੇ ਕਿ ਪਰਮਾਤਮਾ ਤਾਂ ਦੂਰ ਹੈ । ਜੇਕਰ ਤੁਹਾਨੂੰ ਵੀ ਇਸ ਘਰ ਵਿਚ ਰਹਿਣ ਲਈ ਪੁੱਛਿਆ ਗਿਆ ਹੁੰਦਾ, ਜੋ ਤੁਸੀਂ ਹੋ, ਤਾਂ ਸ਼ਾਇਦ ਤੁਸੀਂ ਵੀ ਰਾਜ਼ੀ ਨਾ ਹੁੰਦੇ । ਤੁਸੀ ਜਿਸ ਤਰ੍ਹਾਂ ਦੇ ਹੋ, ਜੇਕਰ ਅਜਿਹੇ ਹੀ ਮਨੁੱਖ ਨਾਲ ਤੁਹਾਨੂੰ ਪ੍ਰੇਮ ਕਰਨਾ ਪਏ, ਤਾਂ ਤੁਸੀਂ ਨਾਂਹ ਕਰ ਦਿਉਗੇ । ਇਸ ਲਈ ਤਾਂ ਕੋਈ ਆਪਣੇ ਆਪ ਨੂੰ ਪ੍ਰੇਮ ਨਹੀਂ ਕਰਦਾ । ਤੁਸੀ ਆਪਣੇ ਪ੍ਰੇਮ ਦੇ ਪਾਤਰ ਹੋਣ ਦੇ ਲਾਇਕ ਵੀ ਨਹੀਂ ਹੋ । ਇਸ ਲਈ ਤਾਂ ਲੋਕ ਇਕੱਲੇਪਨ ਵਿਚ ਪ੍ਰੇਸ਼ਾਨ ਹੁੰਦੇ ਹਨ । ਆਪਣੇ ਆਪ ਨਾਲ ਰਹਿਣ ਨੂੰ ਕੋਈ ਰਾਜ਼ੀ ਨਹੀਂ । ਜੇਕਰ ਤੁਹਾਨੂੰ ਕੁੱਝ ਸਮੇਂ ਲਈ ਇਕੱਲੇ ਬੈਠਣਾ ਪਏ ਤਾਂ ਤੁਸੀਂ ਬੇਚੈਨ ਹੋ ਜਾਉਗੇ । ਤੁਸੀਂ ਕਹਿੰਦੇ ਹੋ ਮਿੱਤਰ ਚਾਹੀਦੇ ਹਨ, ਕਲੱਬ, ਸਿਨੇਮਾ, ਬਾਜ਼ਾਰ, ਰੇਡੀਓ, ਟੈਲੀਵਿਜ਼ਨ, ਅਖ਼ਬਾਰ ਚਾਹੀਦੇ ਹਨ । ਇਸ ਤਰ੍ਹਾਂ ਇਕੱਲੇ ਆਪਣੇ ਆਪ ਨਾਲ ਕਿਵੇਂ ਬੈਠੇ ਰਹੀਏ? ਬਹੁਤ ਅੱਕੇਵਾਂ ਪੈਦਾ ਹੁੰਦਾ ਹੈ । ਅਸੀਂ ਆਪਣੇ ਕੋਲੋਂ ਅੱਕੇ ਹੋਏ ਹਾਂ । ਅਸੀਂ ਆਪਣੇ ਆਪ ਦੀ ਸੰਗਤ ਵਿਚ ਨਹੀਂ ਬੈਠ ਸਕਦੇ ਅਤੇ ਅਸੀਂ ਪਰਮਾਤਮਾ ਦੀ ਇੱਛਾ ਕਰਦੇ ਹਾਂ । ਜਦ ਅਸੀਂ ਖੁਦ ਹੀ ਆਪਣੇ ਆਪ ਨਾਲ ਰਹਿਣ ਨੂੰ ਰਾਜ਼ੀ ਨਹੀਂ, ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਾਡੇ ਨਾਲ ਰਹਿਣ ਨੂੰ ਕੌਣ ਰਾਜ਼ੀ ਹੋਵੇਗਾ? ਪਰਮਾਤਮਾ ਤਾਂ ਫਿਰ ਵੀ ਦੂਰ ਹੈ । ਪਰਮਾਤਮਾ ਦਾ ਅਰਥ ਹੈ, ਕੁਦਰਤ ਦਾ ਡੂੰਘੇ ਤੋਂ ਡੂੰਘਾ ਸਿਖਰ ਆਪਣੇ ਹਿਰਦੇ ਵਿਚ ਉਤਾਰਨਾ । ਪਰ ਇਸ ਦੇ ਲਈ ਆਪਣੇ ਹਿਰਦੇ ਵਿਚ ਡੂੰਘਾਈ ਬਣਾਉਣ ਦੀ ਜ਼ਰੂਰਤ ਹੈ । ਅਸੀਂ ਏਨੇ ਘੱਟ ਡੂੰਘੇ ਹਾਂ ਕਿ ਜ਼ਰਾ ਕੁ ਗੱਲ ਸਾਡੇ ਹਿਰਦੇ ਅੰਦਰ ਤੂਫ਼ਾਨ ਲੈ ਆਉਂਦੀ ਹੈ । ਜ਼ਰਾ ਜਿਨ੍ਹਾਂ ਅਪਮਾਨ ਸਾਨੂੰ ਗੁੱਸੇ ਵਿਚ ਲੈ ਆਉਂਦਾ ਹੈ, ਜ਼ਰਾ ਜਿਨ੍ਹਾਂ ਦੁੱਖ ਅਤੇ ਅਸੀਂ ਸਮਝਦੇ ਹਾਂ ਕਿ ਨਰਕ ਟੁੱਟ ਪਿਆ । ਛੋਟੀ ਜਿਹੀ ਗੱਲ ਤੋਂ ਅਸੀਂ ਏਨੇ ਵਿਆਕੁਲ ਹੋ ਜਾਂਦੇ ਹਾਂ ਕਿ ਸਾਡੀ ਕੋਈ ਗਹਿਰਾਈ ਹੀ ਨਹੀਂ ਹੈ । ਕੋਈ ਇਕ ਨਿੱਕਾ ਜਿਹਾ ਪੱਥਰ ਸੁੱਟ ਦੇਵੇ ਤਾਂ ਸਾਡੇ ਅੰਦਰ ਤੂਫ਼ਾਨ ਆ ਜਾਂਦਾ ਹੈ ਤਾਂ ਸਪੱਸ਼ਟ ਹੈ ਕਿ ਅਸੀਂ ਡੂੰਘੇ ਸਾਗਰ ਨਹੀਂ ਹਾਂ ।

ਸਾਗਰ ਵਿਚ ਤਾਂ ਹਿਮਾਲਿਆ ਵੀ ਡੁੱਬ ਜਾਵੇ, ਤਾਂ ਵੀ ਲਹਿਰਾਂ ਨੂੰ ਕੋਈ ਖ਼ਬਰ ਨਹੀਂ ਹੋਵੇਗੀ, ਕੋਈ ਫ਼ਰਕ ਨਹੀਂ ਪਵੇਗਾ। ਏਨੀਆਂ ਨਦੀਆਂ ਡਿੱਗਦੀਆਂ ਹਨ ਸਾਗਰ ਵਿਚ, ਪਰ ਸਾਗ ਨੂੰ ਕੋਈ ਫ਼ਰਕ ਨਹੀਂ ਪੈਂਦਾ । ਜਿਸ ਤਰ੍ਹਾਂ ਦਾ ਹੈ , ਉਸੇ ਤਰ੍ਹਾਂ ਦਾ ਹੀ ਰਹਿੰਦਾ ਹੈ ।

ਅਸੀਂ ਪਰਮਾਤਮਾ ਦੀ ਇੱਛਾ ਕਰ ਰਹੇ ਹਾਂ, ਪਰ ਕਦੇ ਨਹੀਂ ਸੋਚਿਆ ਕਿ ਜੇਕਰ ਪਰਮਾਤਮਾ ਆ ਜਾਏ, ਤਾਂ ਸਾਡੀ ਕੀ ਹਾਲਤ ਹੋਏਗੀ । ਅਸੀਂ ਤਾਂ ਬਹੁਤ ਮੁਸ਼ਕਿਲ ਵਿਚ ਪੈ ਜਾਵਾਂਗੇ। ਅਸੀਂ ਕਿੱਥੇ ਬਿਠਾਵਾਂਗੇ ਪਰਮਾਤਮਾ ਨੂੰ? ਅਸੀਂ ਕਿਵੇਂ ਉਸ ਦਾ ਸਵਾਗਤ ਕਰਾਂਗੇ? ਸਾਡੇ ਕੋਲ ਨਾ ਤਾਂ ਕੋਈ ਸਿੰਘਾਸਣ ਹੈ, ਕਿਉਂਕਿ ਸਿੰਘਾਸਣ ਕੋਈ ਸੋਨੇ ਦਾ ਬਣਾਉਣਾ ਹੁੰਦਾ ਤਾਂ ਅਸੀਂ ਬਣਾ ਸਕਦੇ ਸੀ, ਸਿੰਘਾਸਣ ਤਾਂ ਹਿਰਦੇ ਦਾ ਬਣਾਉਣਾ ਹੈ। ਸਿੰਘਾਸਣ ਪ੍ਰੇਮ ਦਾ ਬਣਾਉਣਾ ਹੈ । ਸੋਨਾ ਤਾਂ ਬਾਜ਼ਾਰ ਵਿਚੋਂ ਮਿਲ ਜਾਵੇਗਾ ।

ਮਹਿਲ ਬਣਾਉਣਾ ਹੁੰਦਾ ਤਾਂ ਬਹੁਤ ਮਹਿਲ ਹਨ, ਫਿਰ ਤਾਂ ਬਾਦਸ਼ਾਹਾ ਦੇ ਘਰ ਪਰਮਾਤਮਾ ਉਤਰ ਆਉਂਦਾ । ਪਰ ਅੰਦਰ ਮਹਿਲ ਬਣਾਉਣਾ ਹੈ । ਇਕਾਂਤ ਦਾ ਮਹਿਲ ਬਣਾਉਣਾ ਹੈ । ਧਿਆਨ ਦਾ ਮਹਿਲ ਬਣਾਉਣਾ ਹੈ । ਬਹੁਤ ਔਖਾ ਹੈ । ਲੰਮੀ ਯਾਤਰਾ ਹੈ, ਅਸੀਂ ਜਿਥੇ ਹਾਂ, ਜੇਕਰ ਸਮਝ ਲਿਆ ਕਿ ਇਹ ਹੀ ਘਰ ਹੈ ਤਾਂ ਅਸੀਂ ਗ੍ਰਹਿਸਥ ਵਿਚ ਪੈ ਗਏ ਹਾਂ ਅਤੇ ਜੇਕਰ ਅਸੀਂ ਸਮਝਿਆ ਕਿ ਧਰਮਸ਼ਾਲਾ ਹੈ, ਕੁੱਝ ਦੇਰ ਟਿਕੇ ਹਾਂ , ਵਿਸ਼ਰਾਮ ਕਰਦੇ ਹੀ ਅੱਗੇ ਜਾਣਾ ਹੈ ਤਾਂ ਅਸੀਂ ਇਸ ਦੁਨੀਆਂ ਦਾਰੀ ਤੋਂ ਉੱਪਰ ਉੱਠਾ ਕੇ ਪਰਮਾਤਮਾ ਦਾ ਰਾਹ ਚੁਣ ਲਿਆ ਹੈ ਅਤੇ ਉਸ ਉੱਤੇ ਤੁਰਨਾ ਸ਼ੁਰੂ ਕਰ ਦਿੱਤਾ ਹੈ ।

## ਹਵਾਲੇ ਅਤੇ ਟਿੱਪਣੀਆਂ

1) ੴ ਸਤਿਨਾਮ, ਨਾਨਕ ਬਾਣੀ (ਇਧਰ ਸੇ ਗੁਜਰਾ ਥਾ, ਸੋਚਾ ਸਲਾਮ ਕਰਤਾ ਚਲੂੰ), ਓਸ਼ੋ । ਪੰਨਾ -514
2) ਗੁਰੂ ਨਾਨਕ ਦਾ ਕੁਦਰਤ-ਸਿਧਾਂਤ, ਹਰਪਾਲ ਸਿੰਘ ਪੰਨੂ। ਪੰਨਾ -111